ਸੁਰਵ ਸਿੱਖਿਆ ਅਭਿਆਨ ਦੇ ਕੰਮਾਂ ਦੀ ਮੋਨੀਟਰਿੰਗ ਕਰਨ ਲਈ ਤਿਮਾਹੀ ਰਿਵੀਊ ਮੀਟਿੰਗ ਅਤੇ ਜ਼ਿਲ੍ਹਾ ਸਿੱਖਿਆ ਵਿਕਾਸ ਕਮੇਟੀ ਦੀ ਮੀਟਿੰਗ ਮਿਤੀ: 19.12.2014 ਨੂੰ 03:00 ਵਜੇ ਲੈਫ. ਕਰਨਲ ਸ਼ਾਂਤੀ ਸਵਰੂਪ ਰਾਣਾ ਅਸ਼ੋਕ ਚੱਕਰਾ ਮੀਟਿੰਗ ਹਾਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਹੁਸ਼ਿਆਰਪੁਰ ਵਿਖੇ ਮਾਨਯੋਗ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਜੀ ਦੀ ਪ੍ਰਧਾਨਗੀ ਹੇਠ ਹੋਈ ਅਤੇ ਪ੍ਰਧਾਨ ਜੀ ਤੋ ਆਗਿਆ ਲੈਣ ਉਪਰੰਤ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.) ਹੁਸ਼ਿਆਰਪੁਰ ਵੱਲੋ ਮੀਟਿੰਗ ਸ਼ੁਰੂ ਕੀਤੀ ਗਈ।

**ਇਸ ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀ ਹਾਜ਼ਰ ਹੋਏ :-**

| | | | |
|---|---|---|---|
| 1 | ਸ਼੍ਰੀ ਹਰਬੀਰ ਸਿੰਘ | : | ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਹੁਸ਼ਿਆਰਪੁਰ |
| 2 | ਸ਼੍ਰੀ ਰਾਹੁਲ ਚਾਬਾ | : | ਐਸ.ਡੀ.ਐਮ, ਹੁਸ਼ਿਆਰਪੁਰ |
| 3 | ਸ਼੍ਰੀ ਅਮਰਜੀਤ ਸਿੰਘ | : | ਐਸ.ਡੀ.ਐਮ, ਗੜ੍ਹਸ਼ੰਕਰ |
| 4 | ਸ਼੍ਰੀ ਏ.ਐਸ ਸ਼ਰਮਾ | : | ਐਸ.ਡੀ.ਐਮ, ਹੁਸ਼ਿਆਰਪੁਰ |
| 5 | ਸ਼੍ਰੀ ਬਰਜਿੰਦਰ ਸਿੰਘ | : | ਐਸ.ਡੀ.ਐਮ, ਦਸੂਹਾ |
| 6 | ਸ਼੍ਰੀ ਵਿਜੈ ਅਗਰਵਾਲ | : | ਨੁਮਾਇੰਦਾ ਸ਼੍ਰੀ ਵਿਜੈ ਸਾਂਪਲਾ ਜੀ, ਸਮਾਜਿਕ ਸੁਰੱਖਿਆ ਅਤੇ ਸਸ਼ਕਤੀਕਰਨ ਰਾਜ ਮੰਤਰੀ, ਕੇਂਦਰ ਸਰਕਾਰ |
| 7 | ਸ਼੍ਰੀ ਐਸ.ਕੇ ਸ਼ਰਮਾ | : | ਨੁਮਾਇੰਦਾ ਸ਼੍ਰੀ ਵਿਜੈ ਸਾਂਪਲਾ ਜੀ, ਸਮਾਜਿਕ ਸੁਰੱਖਿਆ ਅਤੇ ਸਸ਼ਕਤੀਕਰਨ ਰਾਜ ਮੰਤਰੀ, ਕੇਂਦਰ ਸਰਕਾਰ |
| 8 | ਸ਼੍ਰੀ ਦਲੀਪ ਸਿੰਘ | : | ਨੁਮਾਇੰਦਾ ਸ਼੍ਰੀ ਸੁਰਿੰਦਰ ਸਿੰਘ ਐਮ ਐਲ ਏ ਹਲਕਾ ਗੜ੍ਹਸ਼ੰਕਰ |
| 9 | ਸ਼੍ਰੀ ਸਰਦਾਰਾ ਸਿੰਘ ਜੰਡੋਲੀ | : | ਨੁਮਾਇੰਦਾ ਸ਼੍ਰੀ ਸੁਰਿੰਦਰ ਸਿੰਘ ਐਮ ਐਲ ਏ ਹਲਕਾ ਗੜ੍ਹਸ਼ੰਕਰ |
| 10 | ਸ਼੍ਰੀ ਗੁਰਮੀਤ ਸੈਣੀ | : | ਨੁਮਾਇੰਦਾ ਸ਼੍ਰੀ ਸੁੰਦਰ ਸ਼ਾਮ ਅਰੋੜਾ, ਐਮ.ਐਲ.ਏ ਹਲਕਾ ਹੁਸ਼ਿਆਰਪੁਰ |
| 11 | ਸ਼੍ਰੀਮਤੀ ਸੁਖਵਿੰਦਰ ਕੌਰ | : | ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਹੁਸ਼ਿਆਰਪੁਰ |
| 12 | ਸ਼੍ਰੀਮਤੀ ਕਿਰਨ ਸੈਣੀ | : | ਪ੍ਰਿੰਸੀਪਲ, ਡਾਇਟ ਅੱਜੋਵਾਲ, ਹੁਸ਼ਿਆਰਪੁਰ |
| 13 | ਸ਼੍ਰੀ ਗੁਰਜੈਪਾਲ ਸਿੰਘ | : | ਕਲਰਕ, ਦਫਤਰ ਸਹਾਇਕ ਲੇਬਰ ਕਮਿਸ਼ਨਰ, ਹੁਸ਼ਿਆਰਪੁਰ |
| 14 | ਸ਼੍ਰੀ ਮਦਨ ਲਾਲ ਸ਼ਰਮਾ | : | ਡੀ ਆਰ ਪੀ, ਸਸਅ |
| 15 | ਸ਼੍ਰੀ ਜਗਤਜੀਤ ਸਿੰਘ | : | ਡੀ ਆਰ ਪੀ, ਪ੍ਰਵੇਸ਼ |
| 16 | ਸ਼੍ਰੀਮਤੀ ਬਲਜੀਤ ਕੌਰ | : | ਬੀ ਪੀ ਈ ਓ ਬਲਾਕ ਹੁਸ਼ਿਆਰਪੁਰ 2 ਏ ਅਤੇ ਹੁਸ਼ਿਆਰਪੁਰ 2 ਬੀ |
| 17 | ਸ਼੍ਰੀਮਤੀ ਭੁਪੇਸ਼ | : | ਬੀ ਪੀ ਈ ਓ ਬਲਾਕ ਤਲਵਾੜਾ |
| 18 | ਸ਼੍ਰੀਮਤੀ ਅਨੀਤਾ ਰਾਣੀ | : | ਬੀ ਪੀ ਈ ਓ ਬਲਾਕ ਹਾਜੀਪੁਰ |
| 19 | ਸ਼੍ਰੀਮਤੀ ਬਲਵਿੰਦਰ ਕੌਰ | : | ਬੀ ਪੀ ਈ ਓ ਬਲਾਕ ਭੂੰਗਾ-1 ਅਤੇ ਹੁਸ਼ਿਆਰਪੁਰ 1 ਏ |
| 20 | ਸ਼੍ਰੀਮਤੀ ਗੁਰਮੇਜ ਕੌਰ | : | ਬੀ ਪੀ ਈ ਓ ਬਲਾਕ ਬੱਲੋਵਾਲ, ਦਸੂਹਾ-1 ਅਤੇ ਦਸੂਹਾ-2 |
| 21 | ਸ਼੍ਰੀ ਭਗਵੰਤ ਰਾਏ | : | ਬੀ ਪੀ ਈ ਓ ਬਲਾਕ ਮਾਹਿਲਪੁਰ-1 ਅਤੇ ਮਾਹਿਲਪੁਰ-2 |
| 22 | ਸ਼੍ਰੀਮਤੀ ਸੁਮਿੱਤਰ ਕੌਰ | : | ਬੀ ਪੀ ਈ ਓ ਬਲਾਕ ਹੁਸ਼ਿਆਰਪੁਰ 1 ਬੀ |
| 23 | ਸ਼੍ਰੀ ਅਮਨਦੀਪ ਸਿੰਘ | : | ਜੇ.ਈ ਬਲਾਕ ਗੜ੍ਹਸ਼ੰਕਰ-1 ਅਤੇ ਗੜ੍ਹਸ਼ੰਕਰ-2 |

| | | | |
|---|---|---|---|
| 24 | ਸ਼੍ਰੀ ਰੁਪਿੰਦਰ ਕੁਮਾਰ | : | ਜੇ.ਈ ਬਲਾਕ ਮਾਹਿਲਪੁਰ-2 ਅਤੇ ਡੀ ਆਰ ਪੀ ਸਿਵਲ ਵਰਕਸ |
| 25 | ਸ਼੍ਰੀ ਰਵਿੰਦਰ ਸਿੰਘ | : | ਜੇ.ਈ ਬਲਾਕ ਟਾਂਡਾ-2 |
| 26 | ਸ਼੍ਰੀ ਸਰਵਪ੍ਰੀਤ ਸਿੰਘ | : | ਜੇ.ਈ ਬਲਾਕ ਭੂੰਗਾ-2 |
| 27 | ਸ਼੍ਰੀ ਜਸਦੀਪ ਸਿੰਘ | : | ਜੇ.ਈ ਬਲਾਕ ਟਾਂਡਾ-1 |
| 28 | ਸ਼੍ਰੀ ਰਾਕੇਸ਼ ਕੁਮਾਰ | : | ਲੇਖਾਕਾਰ, ਬਲਾਕ ਹੁਸ਼ਿਆਰਪੁਰ 2 ਬੀ |
| 29 | ਸ਼੍ਰੀ ਹਰਵਿੰਦਰ ਸਿੰਘ | : | ਬੀ ਆਰ ਪੀ ਬਲਾਕ ਹੁਸ਼ਿਆਰਪੁਰ 2 ਏ |
| 30 | ਸ਼੍ਰੀ ਜਗਤਾਰ ਸਿੰਘ | : | ਐਸ.ਡੀ.ਈ, ਸਸਅ, ਹੁਸ਼ਿਆਰਪੁਰ |
| 31 | ਸ਼੍ਰੀਮਤੀ ਕੰਚਨ ਬਾਲਾ | : | ਏ.ਪੀ.ਸੀ (ਵਿੱਤ), ਸਸਅ |
| 32 | ਸ਼੍ਰੀਮਤੀ ਨਿਰਮਲਾ ਦੇਵੀ | : | ਏ.ਪੀ.ਸੀ (ਜ), ਸਸਅ |
| 33 | ਸ਼੍ਰੀ ਸੁਖਵਿੰਦਰ ਸਿੰਘ | : | ਆਰ ਐਸ ਟੀ, ਸਸਸਸ ਰੇਲਵੇ ਮੰਡੀ, ਹੁਸ਼ਿਆਰਪੁਰ |
| 34 | ਸ਼੍ਰੀਮਤੀ ਅੰਜੂ ਸੈਣੀ | : | ਡੀ.ਐਸ.ਈ, ਸਸਅ |
| 35 | ਸ਼੍ਰੀ ਅੰਕੁਰ ਸ਼ਰਮਾ | : | ਆਫਿਸ ਅਸਿਸਟੈਂਟ-ਕਮ-ਡਾਟਾ ਐਂਟਰੀ ਅਪਰੇਟਰ |

**ਵਿੱਤ:** ਸਾਲ 2014-15 ਦੌਰਾਨ ਮਾਨਯੋਗ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਮੋਹਾਲੀ (ਅਜੀਤਗੜ੍ਹ) ਜੀ ਦੇ ਦਫਤਰ ਤੋਂ 210839342/- ਰੁ. ਪ੍ਰਾਪਤ ਹੋਏ ਹਨ। ਜਿਸ ਵਿੱਚੋਂ 207269592/- ਰੁ. ਦੀ ਰਾਸ਼ੀ ਖਰਚ ਹੋ ਚੁੱਕੀ ਹੈ ਅਤੇ 3569750/- ਰੁ. ਦੀ ਰਾਸ਼ੀ ਬਲਾਕ ਪੱਧਰ ਤੇ ਕੰਮ ਕਰ ਰਹੇ ਸਿੱਖਿਆ ਕਰਮੀਆਂ ਦੀ ਮਹੀਨਾਵਾਰ ਤਨਖਾਹ ਅਤੇ ਸਰਵ ਸਿੱਖਿਆ ਅਭਿਆਨ ਅਧੀਨ ਕੰਮ ਕਰ ਰਹੇ ਕਰਮਚਾਰੀਆਂ ਦੀ ਮਹੀਨਾਵਾਰ ਤਨਖਾਹਾਂ, ਜ਼ਿਲ੍ਹਾ ਪੱਧਰ ਤੇ ਸਕੂਲਾਂ ਦੇ ਨਿਰੀਖਣ ਸਬੰਧੀ ਟੀ.ਏ, ਡੀ.ਏ ਦਾ ਬਕਾਇਆ ਪਿਆ ਹੈ।

## ਆਈ .ਈ.ਡੀ. ਕੰਪੋਨੈਂਟ (ਇੱਨਕਲੂਜ਼ਿਵ ਐਜੂਕੇਸ਼ਨ ਫਾਰ ਡਿੱਸਏਬਲਡ)

### ਰਿਸੋਰਸ ਰੂਮ

ਜ਼ਿਲ੍ਹੇ ਦੇ ਰਿਸੋਰਸ ਰੂਮਾਂ ਵਿੱਚ ਚਣੋਤੀ ਗ੍ਰਸਤ ਬੱਚਿਆਂ ਨੂੰ ਪੜ੍ਹਾਉਣ ਲਈ 33 ਆਈ.ਈ.ਆਰ.ਟੀਜ਼ ਅਤੇ 90 ਆਈ.ਈ.ਵੀਜ਼ ਕੰਮ ਕਰ ਰਹੇ ਹਨ।ਜ਼ਿਲ੍ਹੇ ਵਿੱਚ 92 ਰਿਸੋਰਸ ਰੂਮ ਚਲ ਰਹੇ ਹਨ।ਜਿਹੜੇ ਚਣੋਤੀ ਗ੍ਰਸਤ ਬੱਚੇ severe and profound ਕੈਟਾਗਰੀ ਦੇ ਹਨ ਉਨ੍ਹਾ ਨੂੰ ਘਰੋ-ਘਰੀ ਹੋਮਬੇਸਡ ਐਜੂਕੇਸ਼ਨ ਨਾਲ ਆਈ.ਈ.ਆਰ.ਟੀਜ਼ ਅਤੇ ਆਈ.ਈ.ਵੀਜ਼ ਦੁਆਰਾ ਸਿੱਖਿਅਤ ਕੀਤਾ ਜਾ ਰਿਹਾ ਹੈ।

**ਸਰਜਰੀ:-**

ਮਿਤੀ: 17.12.2014 ਤੋਂ ਸਰਜਰੀਆਂ ਸ਼ੁਰੂ ਕਰਵਾਈਆਂ ਜਾ ਰਹੀਆਂ ਹਨ।

ਪ੍ਰਧਾਨ ਜੀ ਨੇ ਕਿਹਾ ਕਿ ਸਰਜਰੀਆਂ ਦਾ ਕੰਮ ਜਲਦੀ ਸ਼ੁਰੂ ਕਰਵਾਇਆ ਜਾਵੇ।

## ਐਸ.ਟੀ.ਆਰ (ਸਪੈਸ਼ਲ ਟ੍ਰੇਨਿੰਗ)

ਸਪੈਸ਼ਲ ਟ੍ਰੇਨਿੰਗ ਅਧੀਨ ਸਾਲ 2014-15 ਲਈ ਸਕੂਲੋਂ ਵਿਰਵੇ ਬੱਚਿਆਂ ਦਾ ਸਰਵੇਖਣ ਸਕੂਲ ਅਧਿਆਪਕਾਂ ਦੁਆਰਾ ਕਰਵਾਇਆ ਗਿਆ ਸੀ। ਜਿਸ ਵਿੱਚ 6-7 ਆਯੂ ਗੁੱਟ ਦੇ 146 ਬੱਚੇ ਸ਼ਨਾਖਤ ਕੀਤੇ ਗਏ ਸਨ, ਜ਼ਿਨ੍ਹਾ ਵਿੱਚੋ 130 ਬੱਚੇ ਸਕੂਲਾਂ ਵਿੱਚ ਦਾਖਲ ਕਰਵਾਏ ਗਏ ਹਨ ਅਤੇ 7-14 ਆਯੂ ਗੁੱਟ ਦੇ 593 ਬੱਚੇ ਸ਼ਨਾਖਤ ਕੀਤੇ ਗਏ ਹਨ, ਜਿਨ੍ਹਾ ਵਿੱਚੋ ਇਸ ਸਮੇਂ 460 ਬੱਚੇ ਸਕੂਲਾਂ ਵਿੱਚ ਪੜ੍ਹ ਰਹੇ ਹਨ। ਇਨ੍ਹਾਂ ਬੱਚਿਆਂ ਵਾਸਤੇ 6,67,125/- ਰੁ. ਮਾਨਯੋਗ ਸਟੇਟ ਪੋ੍ਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਅਜੀਤਗੜ੍ਹ ਜੀ ਦੇ ਦਫਤਰ ਤੋਂ ਪ੍ਰਾਪਤ ਹੋਏ ਹਨ ਜਿਸ ਵਿੱਚੋ ਬਲਾਕ ਪੱਧਰ ਤੇ ਮਿਤੀ: 18.12.2014 ਤੱਕ 5,02,125/- ਰੁ. ਖਰਚ ਹੋ ਚੁੱਕੇ ਹਨ।

ਮਾਨਯੋਗ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਅਜੀਤਗੜ੍ਹ ਜੀ ਦੇ ਦਫਤਰ ਦੇ ਮੀਮੋ ਨੰ: ਸਸਅ/ਸਸਅ/ਐਸ.ਟੀ.ਆਰ/ਸਰਵੇ/ 2014-15 /20147814 ਮਿਤੀ: ਅਜੀਤਗੜ੍ਹ 10.12.2014 ਅਨੁਸਾਰ ਸਾਲ 2015-16 ਦੀ ਸਲਾਨਾ ਯੋਜਨਾ ਤਿਆਰ ਕਰਨ ਵਾਸਤੇ ਪੰਜਾਬ ਰਾਜ ਵਿੱਚ 6-14 ਸਾਲ ਦੇ ਸਕੂਲੋਂ ਵਿਰਵੇ ਬੱਚਿਆਂ ਦੀ ਸ਼ਨਾਖਤ ਕਰਨ ਲਈ ਸਰਵੇ ਮਿਤੀ: 15.12.2014 ਤੋਂ ਮਿਤੀ: 24.12.2014 ਤੱਕ ਈ.ਜੀ.ਐਸ/ਏ.ਆਈ.ਈ/ਐਸ.ਟੀ.ਆਰ ਵਲੰਟੀਅਰ ਦੁਆਰਾ ਕੀਤਾ ਜਾ ਰਿਹਾ ਹੈ। ਇਸ ਸਰਵੇ ਵਿੱਚ 6-14 ਸਾਲ ਦੇ ਹਰੇਕ ਖੇਤਰ ਦੇ ਪਿੰਡ/ਵਾਰਡ ਵਿਚਲੇ ਜਾਂ ਇਹਨਾਂ ਦੇ ਆਲੇ ਦੁਆਲੇ ਦੀ ਢਾਣੀਆਂ, ਭੱਠਿਆਂ, ਰੇਲਵੇ ਸਟੇਸ਼ਨਾਂ, ਨਵੀਆਂ ਉਸਾਰੀਆਂ ਵਿੱਚ ਕੰਮ ਕਰਕੇ ਪ੍ਰਵਾਸੀ ਅਤੇ ਝੁੱਗੀ ਝੋਪੜੀਆਂ ਵਿਚ ਰਹਿੰਦੇ ਸਕੂਲੋ ਵਿਰਵੇ ਬੱਚਿਆਂ ਦਾ ਵੇਰਵੇਂ ਇੱਕਤਰ ਕੀਤੇ ਜਾਣਗੇ।

ਪ੍ਰਧਾਨ ਜੀ ਨੇ ਕਿਹਾ ਕਿ ਸਕੂਲੋਂ ਵਿਰਵੇ ਬੱਚਿਆਂ ਦੇ ਸਰਵੇ ਦਾ ਕੰਮ ਸਮੇਂ ਸਿਰ ਮੁਕੰਮਲ ਕੀਤਾ ਜਾਵੇ।

## ਪ੍ਰੋਜੈਕਟ ਪ੍ਰਵੇਸ਼

ਪੰਜਾਬ ਸਿੱਖਿਆ ਵਿਭਾਗ ਵੱਲੋਂ ਪ੍ਰਾਇਮਰੀ ਵਿੱਦਿਆ ਸੁਧਾਰ ਪ੍ਰੋਗਰਾਮ ਤਹਿਤ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਪ੍ਰਵੇਸ਼ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ। ਜਿਸ ਤਹਿਤ ਬੱਚਿਆਂ ਦੀ ਗੁਣਾਤਮਕ ਸਿੱਖਿਆ ਵਿੱਚ ਵਾਧਾ ਹੋ ਰਿਹਾ ਹੈ ਅਤੇ ਬੱਚਾ ਸਿੱਖਿਆ ਦੇ ਸਿਰਜਣਾਤਮਕ ਮਾਡਲ ਨਾਲ ਜੁੜ ਰਿਹਾ ਹੈ। ਬੱਚਾ ਵੱਖ ਵੱਖ ਗਤੀਵਿਧੀਆ ਰਾਹੀਂ ਆਪਣੇ ਟੀਚਿਆਂ ਨੂੰ ਪੂਰਾ ਕਰਦਾ ਹੋਇਆ ਆਪਣੇ ਪਾਠਕ੍ਰਮ ਨਾਲ ਜੁੜ ਰਿਹਾ ਹੈ। ਮਿਤੀ: 29 ਨਵੰਬਰ, 2014 ਨੂੰ ਜ਼ਿਲ੍ਹੇ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਬੱਚਿਆਂ ਦੁਆਰਾ ਤਿਆਰ ਕੀਤੇ ਗਏ ਬਾਲ ਮੈਗਜਿਨ ਜਾਰੀ ਕੀਤੇ ਗਏ। ਮਿਤੀ: 15.12.2014 ਤੋਂ ਮਿਤੀ: 20.12.2014 ਤੱਕ ਪ੍ਰਵੇਸ਼ ਤਹਿਤ ਮੱਧਵਰਤੀ ਜਾਂਚ ਹੋ ਰਹੀ ਹੈ। ਇਹ ਜਾਂਚ ਸਕੂਲ ਅਧਿਆਪਕਾਂ ਦੁਆਰਾ ਆਪਣੇ ਵਿਦਿਆਰਥੀਆਂ ਦੀ ਕੀਤੀ ਜਾ ਰਹੀ ਹੈ ਅਤੇ ਪ੍ਰਵੇਸ਼ ਟੀਮ ਰੈਡਮ ਜਾਂਚ ਕਰ ਰਹੀ ਹੈ। ਇਸ ਮਹੀਨੇ ਪ੍ਰਵੇਸ਼ ਗਤੀਵਿਧੀਆ ਨੂੰ ਮਾਨਯੋਗ ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਅਜੀਤਗੜ੍ਹ ਜੀ ਦੀਆਂ ਹਦਾਇਤਾਂ ਅਨੁਸਾਰ ਹਫਤਾਵਾਰ ਵੰਡ ਕਰਕੇ ਕਰਵਾਇਆ ਜਾ ਰਿਹਾ ਹੈ ਤਾਂ ਜੋ ਵਿਦਿਆਰਥੀ ਆਪਣੇ ਮਿੱਥੇ ਹੋਏ ਟੀਚੇ ਤੇ ਪਹੁੰਚ ਸਕੇ।

ਪ੍ਰਧਾਨ ਜੀ ਨੇ ਕਿਹਾ ਕਿ ਬੱਚਿਆਂ ਵਿੱਚ ਪੜ੍ਹਨ ਅਤੇ ਲਿੱਖਣ ਦੀ ਰੂਚੀ ਪੈਦਾ ਕਰਨ ਦੇ ਵਿਸ਼ੇਸ਼ ਉਪਰਾਲੇ ਕੀਤੇ ਜਾਣ।

# ਸਿਵਲ ਵਰਕਸ

## ਸਾਲ 2012-13 ਦੇ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. **ਨਿਊ ਅਪਰ ਪ੍ਰਾਇਮਰੀ ਇਮਾਰਤ @ 22.00 ਲੱਖ ਰੁ** :- 01 ਨਿਊ ਅਪਰ ਪ੍ਰਾਇਮਰੀ ਇਮਾਰਤ ਲਈ 22.00 ਲੱਖ ਰੁ ਪ੍ਰਾਪਤ ਹੋਏ ਹਨ। ਇਸ ਵਿੱਚੋਂ 22.00 ਲੱਖ ਰੁ. ਖਰਚ ਹੋ ਚੁੱਕਾ ਹੈ। ਨਿਊ ਅਪਰ ਪ੍ਰਾਇਮਰੀ ਇਮਾਰਤ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

2. **ਗਰਲਜ਼ ਟਾਇਲਟ ਸੁਵਿਧਾ @ 1.97 ਲੱਖ ਰੁ.** :- 47 ਗਰਲਜ਼ ਟਾਇਲਟ ਲਈ 92.59 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 92.59 ਲੱਖ ਰੁ. ਖਰਚ ਹੋ ਚੁੱਕਾ ਹੈ। 47 ਗਰਲਜ਼ ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

3. **ਸੀ ਡਬਲਯੂਐਸਐਨ ਸੁਵਿਧਾ @ 0.76 ਲੱਖ ਰੁ.** :- 10 ਸੀ ਡਬਲਯੂਐਸਐਨ ਟਾਇਲਟ ਲਈ 7.60 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋ 7.60 ਲੱਖ ਰੁ. ਖਰਚ ਹੋ ਚੁੱਕਾ ਹੈ। 10 ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

4. **ਅਡੀਸ਼ਨਲ ਕਲਾਸਰੂਮ (ਅਰਬਨ) @ 5.20 ਲੱਖ ਰੁ.** 13 ਅਡੀਸ਼ਨਲ ਕਲਾਸ ਰੂਮਾਂ (ਅਰਬਨ) ਲਈ 67.60 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 67.60 ਲੱਖ ਰੁ. ਖਰਚ ਹੋ ਚੁੱਕਾ ਹੈ। 13 ਅਡੀਸ਼ਨਲ ਕਲਾਸਰੂਮ (ਅਰਬਨ) ਦਾ ਕੰਮ ਮੁਕੰਮਲ ਹੋ ਚੁੱਕਾ ਹੈ।

5. **ਅਡੀਸ਼ਨਲ ਕਲਾਸਰੂਮ (ਰੂਰਲ) @ 5.20 ਲੱਖ ਰੁ.** 42 ਅਡੀਸ਼ਨਲ ਕਲਾਸ ਰੂਮਾਂ (ਰੂਰਲ) ਲਈ 218.40 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 218.40 ਲੱਖ ਰੁ. ਖਰਚ ਹੋ ਚੁੱਕਾ ਹੈ। 42 ਅਡੀਸ਼ਨਲ ਕਲਾਸਰੂਮ (ਰੂਰਲ) ਦਾ ਕੰਮ ਮੁਕੰਮਲ ਹੋ ਚੁੱਕਾ ਹੈ।

6. **ਹੈਡ ਮਾਸਟਰ ਰੂਮ (ਪ੍ਰਾਇਮਰੀ) @ 3.27 ਲੱਖ ਰੁ.** :- 09 ਹੈਡ ਮਾਸਟਰ ਰੂਮ ਪ੍ਰਾਇਮਰੀ ਲਈ 29.43 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 29.43 ਲੱਖ ਰੁ. ਖਰਚ ਹੋ ਚੁੱਕਾ ਹੈ। 09 ਹੈਡ ਮਾਸਟਰ ਰੂਮ ਪ੍ਰਾਇਮਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

7. **ਚਾਰ ਦੀਵਾਰੀ @ 0.0425 ਲੱਖ ਰੁ.** :- 772 ਮੀਟਰ ਚਾਰਦੀਵਾਰੀ ਲਈ 32.81 ਲੱਖ ਰੁ.ਪ੍ਰਾਪਤ ਹੋਇਆ ਹੈ।ਇਸ ਵਿੱਚੋ 32.81 ਲੱਖ ਰੁ. ਖਰਚ ਹੋ ਚੁੱਕੇ ਹਨ। 772 ਮੀਟਰ ਚਾਰਦੀਵਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

8. **ਚਾਰ ਦੀਵਾਰੀ @ 0.0345 ਲੱਖ ਰੁ.** :- 81884 ਮੀਟਰ ਚਾਰਦੀਵਾਰੀ ਲਈ 2824.99800 ਲੱਖ ਰੁ.ਪ੍ਰਾਪਤ ਹੋਇਆ ਹੈ।ਇਸ ਵਿੱਚੋ 2812.72306 ਲੱਖ ਰੁ. ਖਰਚ ਹੋ ਚੁੱਕੇ ਹਨ। 81528.205 ਮੀਟਰ ਚਾਰਦੀਵਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ। 355.795 ਮੀਟਰ ਚਾਰਦੀਵਾਰੀ ਵਿੱਚੋ 189 ਮੀਟਰ ਚਾਰਦੀਵਾਰੀ ਦੀ ਗ੍ਰਾਂਟ ਹੋਰ ਲੋੜਵੰਦ ਸਕੂਲਾਂ ਨੂੰ ਸ਼ਿਫਟ ਕਰਨ ਲਈ ਤਜਵੀਜ਼ ਹੈਡ ਆਫਿਸ ਮੋਹਾਲੀ ਵਿਖੇ ਭੇਜੀ ਹੋਈ ਹੈ।ਇਸ ਵਿੱਚੋਂ 117 ਮੀਟਰ ਚਾਰਦੀਵਾਰੀ ਦੀ ਗ੍ਰਾਂਟ ਵਾਪਸ ਲੈਣੀ ਹੈ। 49.795 ਮੀਟਰ ਚਾਰਦੀਵਾਰੀ ਦੀ ਗ੍ਰਾਂਟ ਜ਼ਿਲ੍ਹੇ ਵਿੱਚ ਵਾਪਸ ਆ ਚੁੱਕੀ ਹੈ।ਸਾਰੀ ਗ੍ਰਾਂਟ ਵਾਪਸ ਆਉਣ ਤੇ ਇਹ ਗ੍ਰਾਂਟ ਸ਼ਿਫਟ ਕਰਨ ਦੀ ਤਜਵੀਜ਼ ਬਣਾ ਕੇ ਮਜ਼ੂੰਰੀ ਲਈ ਹੈਡ ਆਫਿਸ ਮੋਹਾਲੀ ਵਿਖੇ ਭੇਜੀ ਗਈ ਹੈ। ਇਹ ਗ੍ਰਾਂਟ ਸਅਸ ਕੂੰਟਾਂ ਵੱਲੋ ਵਾਪਸ ਨਹੀਂ ਕੀਤੀ ਜਾ ਰਹੀ ਹੈ।

9. **ਮੇਜਰ ਰਿਪੇਅਰ (ਪ੍ਰਾਇਮਰੀ)** :- 45 ਸਕੂਲਾਂ ਲਈ 73.60 ਲੱਖ ਰੁ. ਦੀ ਗ੍ਰਾਂਟ ਪ੍ਰਾਪਤ ਹੋਈ ਹੈ। ਇਸ ਵਿੱਚੋਂ 73.60 ਲੱਖ ਰੁ. ਖਰਚ ਹੋ ਚੁੱਕੇ ਹਨ। 45 ਮੇਜਰ ਰਿਪੇਅਰ ਪ੍ਰਾਇਮਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

10. **ਮੇਜਰ ਰਿਪੇਅਰ (ਅਪਰ ਪ੍ਰਾਇਮਰੀ) :-** 13 ਸਕੂਲਾਂ ਲਈ 28.53014 ਲੱਖ ਰੁ. ਦੀ ਗ੍ਰਾਂਟ ਪ੍ਰਾਪਤ ਹੋਈ ਹੈ। ਇਸ ਵਿੱਚੋਂ 28.53014 ਲੱਖ ਰੁ. ਖਰਚ ਹੋ ਚੁੱਕੇ ਹਨ। 13 ਮੇਜਰ ਰਿਪੇਅਰ ਅਪਰ ਪ੍ਰਾਇਮਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

11. **ਰੈਂਪ ਹੈਂਡਰੇਲ ਸਮੇਤ @ 0.15 ਲੱਖ ਰੁ:-** 53 ਰੈਪਸ ਲਈ 7.95 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 7.95 ਲੱਖ ਰੁ. ਖਰਚ ਹੋ ਚੁੱਕਾ ਹੈ। 53 ਸਕੂਲਾਂ ਵਿੱਚ ਕੰਮ ਮੁਕੰਮਲ ਹੋ ਚੁੱਕਾ ਹੈ।

## ਸਾਲ 2013-14 ਦੇ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. **ਗਰਲਜ਼ ਟਾਇਲਟ ਸੁਵਿਧਾ @ 1.97 ਲੱਖ ਰੁ. :-** 41 ਗਰਲਜ਼ ਟਾਇਲਟ ਲਈ 80.77 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 80.77 ਲੱਖ ਰੁ. ਖਰਚ ਹੋ ਚੁੱਕਾ ਹੈ। 41 ਗਰਲਜ਼ ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

2. **ਟਾਇਲਟ ਰਿਪੇਅਰ:-** 03 ਟਾਇਲਟ ਰਿਪੇਅਰ ਲਈ 0.798 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 0.798 ਲੱਖ ਰੁ. ਖਰਚ ਹੋ ਚੁੱਕਾ ਹੇ। 03 ਟਾਇਲਟ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

3. **ਅਡੀਸ਼ਨਲ ਕਲਾਸਰੂਮ (ਅਰਬਨ) @ 5.20 ਲੱਖ ਰੁ.** 03 ਅਡੀਸ਼ਨਲ ਕਲਾਸ ਰੂਮਾਂ (ਅਰਬਨ) ਲਈ 15.60 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 15.60 ਲੱਖ ਰੁ. ਖਰਚ ਹੋ ਚੁੱਕਾ ਹੈ। 03 ਅਡੀਸ਼ਨਲ ਕਲਾਸਰੂਮ (ਅਰਬਨ) ਦਾ ਕੰਮ ਮੁਕੰਮਲ ਹੋ ਚੁੱਕਾ ਹੈ।

4. **ਅਡੀਸ਼ਨਲ ਕਲਾਸਰੂਮ (ਰੂਰਲ) @ 5.20 ਲੱਖ ਰੁ.** 31 ਅਡੀਸ਼ਨਲ ਕਲਾਸ ਰੂਮਾਂ (ਰੂਰਲ) ਲਈ 161.20 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 161.20 ਲੱਖ ਰੁ. ਖਰਚ ਹੋ ਚੁੱਕਾ ਹੈ। 31 ਅਡੀਸ਼ਨਲ ਕਲਾਸਰੂਮ (ਰੂਰਲ) ਦਾ ਕੰਮ ਮੁਕੰਮਲ ਹੋ ਚੁੱਕਾ ਹੈ।

5. **ਚਾਰ ਦੀਵਾਰੀ @ 0.0345 ਲੱਖ ਰੁ. :-** 1103 ਮੀਟਰ ਚਾਰਦੀਵਾਰੀ ਲਈ 38.05350 ਲੱਖ ਰੁ.ਪ੍ਰਾਪਤ ਹੋਇਆ ਹੈ।ਇਸ ਵਿੱਚੋ 38.05350 ਲੱਖ ਰੁ. ਖਰਚ ਹੋ ਚੁੱਕੇ ਹਨ। 1103 ਮੀਟਰ ਚਾਰਦੀਵਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

## ਸਾਲ 2014-15 ਦੇ ਕੰਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. **ਗਰਲਜ਼ ਟਾਇਲਟ ਸੁਵਿਧਾ @ 1.13 ਲੱਖ ਰੁ. :-** 09 ਗਰਲਜ਼ ਟਾਇਲਟ ਲਈ 10.17 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 3.40 ਲੱਖ ਰੁ. ਖਰਚ ਹੋ ਚੁੱਕਾ ਹੈ। 08 ਸਕੂਲਾਂ ਵਿੱਚ ਗਰਲਜ਼ ਟਾਇਲਟ ਦਾ ਕੰਮ ਚਲ ਰਿਹਾ ਹੈ। 01 ਸਕੂਲ ਸਅਸ ਦੁਲਾਲ ਬਲਾਕ ਤਲਵਾੜਾ ਵਿਖੇ ਪੰਚਾਇਤੀ ਝੱਗੜਾ ਹੈ। ਜਿਸ ਸਬੰਧੀ ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ ਵੱਲੋਂ ਸਾਡੀ ਪ੍ਰਤੀ ਬੇਨਤੀ ਤੇ ਡੀ.ਡੀ.ਪੀ.ਓ ਸਾਹਿਬ ਦੀ ਡਿਊਟੀ ਲਗਾਈ ਹੈ ਤਾਂ ਕਿ ਕੰਮ ਜਲਦੀ ਸ਼ੁਰੂ ਹੋ ਸਕੇ।

2. **ਅਡੀਸ਼ਨਲ ਕਲਾਸਰੂਮ (ਅਰਬਨ) @ 5.50 ਲੱਖ ਰੁ.** 01 ਅਡੀਸ਼ਨਲ ਕਲਾਸ ਰੂਮ (ਅਰਬਨ) ਲਈ 5.50 ਲੱਖ ਰੁ. ਪ੍ਰਾਪਤ ਹੋਇਆ ਹੈ। ਇਸ ਵਿੱਚੋਂ 0.20 ਲੱਖ ਰੁ. ਖਰਚ ਹੋ ਚੁੱਕਾ ਹੈ, ਉਸਾਰੀ ਦਾ ਕੰਮ ਚਲ ਰਿਹਾ ਹੈ।

3. **ਅਡੀਸ਼ਨਲ ਕਲਾਸਰੂਮ (ਰੂਰਲ) @ 5.50 ਲੱਖ ਰੁ.** 06 ਅਡੀਸ਼ਨਲ ਕਲਾਸ ਰੂਮਾਂ (ਰੂਰਲ) ਲਈ 33.00 ਲੱਖ ਰੁ. ਪ੍ਰਾਪਤ ਹੋਇਆ ਹੈ। ਜਿਸ ਵਿੱਚੋਂ 1.60 ਲੱਖ ਰੁ. ਖਰਚ ਹੋ ਚੁੱਕਾ ਹੈ। 06 ਅਡੀਸ਼ਨਲ ਕਲਾਸਰੂਮ (ਰੂਰਲ) ਦੀ ਉਸਾਰੀ ਦਾ ਕੰਮ ਚਲ ਰਿਹਾ ਹੈ।

ਪ੍ਰਧਾਨ ਜੀ ਨੇ ਕਿਹਾ ਕਿ ਜਿਨ੍ਹਾਂ ਸਕੂਲਾਂ ਵਿੱਚ ਸਿਵਲ ਵਰਕਸ ਦੇ ਕੰਮ ਚਲ ਰਹੇ ਹਨ, ਉਨ੍ਹਾਂ ਦੀ ਲਗਾਤਾਰ ਚੈਕਿੰਗ ਕੀਤੀ ਜਾਵੇ ਤਾਂ ਜੋ ਕੰਮ ਸਮੇਂ ਸਿਰ ਮੁਕੰਮਲ ਹੋ ਸਕਣ।

ਜਿਲਾ ਸਿਖਿਆ ਅਫਸਰ (ਐ.ਸਿ.)
ਹੁਸ਼ਿਆਰਪੁਰ

ਮਾਨਯੋਗ ਡਿਪਟੀ ਕਮਿਸ਼ਨਰ
ਹੁਸ਼ਿਆਰਪੁਰ

DRO
30/12